# ਦਫਤਰ ਸਹਾਇਕ ਰਜਿਸਟਰਾਰ,ਸਹਿਕਾਰੀ ਸਭਾਂਵਾਂ ਗਿੱਦੜਬਾਹਾ।

ਸੇਵਾ ਵਿਖੇ

ਮਾਨਯੋਗ ਰਜਿਸਟਰਾਰ

ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।

ਨੰਬਰ ਸ.ਰ.ਗਿ. 1415 ਮਿਤੀ 29/09/2021

ਵਿਸ਼ਾ- ਦੀ ਖਿੜਕੀਆਵਾਲਾ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ ਵਿੱਚ ਸੇਲਜਮੈਨ ਭਰਤੀ ਦੇ ਆਨਲਾਈਨ ਇਸ਼ਤਿਹਾਰ ਸਬੰਧੀ।

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਆਪ ਜੀ ਦੇ ਦਫਤਰ ਦੁਆਰਾ ਆਪਣੇ ਪੱਤਰ ਰਸਸ/ਰਿਣ-2/ਸੀ.ਈ.ਏ.5/ਗਿ ਗਿੱਦੜਬਾਹਾ/6546 ਮਿਤੀ 12.07.2021 ਰਾਹੀ ਦੀ ਖਿੜਕੀਆਵਾਲਾ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ ਵਿੱਚ ਸੇਲਜਮੈਨ ਦੀ ਭਰਤੀ ਕਰਨ ਦੀ ਮੰਨਜੂਰੀ ਦਿੱਤੀ ਸੀ। ਆਪ ਜੀ ਦੇ ਹੁਕਮ ਪਿੱਠ ਅੰਕਣ ਰਸਸ ਰਿਣ-2/ਸੀ.ਏ/ਸੇਵਾ ਨਿਯਮ 1997/92 ਮਿਤੀ 27.02.2020 ਕਰਮਚਾਰੀਆਂ ਦੀ ਭਰਤੀ ਵਿੱਚ ਪਾਰਦਰਸ਼ਤਾ ਲਿਆਉਣ ਲਈ ਇਸ਼ਤਿਹਾਰਾ ਨੂੰ ਵਿਭਾਗ ਦੇ ਪੋਰਟਲ ਉਪਰ ਆਨਲਾਈਨ ਕਰਨ ਦੇ ਹੁਕਮ ਕੀਤੇ ਗਏ ਸਨ। ਉਕਤ ਹੁਕਮਾ ਦੀ ਪਾਲਣਾ ਕਰਦੇ ਹੋਏ ਦੀ ਖਿੜਕੀਆਵਾਲਾ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ ਦੀ ਸਭਾ ਕਮੇਟੀ ਵੱਲੋ ਮੁੱਖ ਦਫਤਰ ਪਾਸੋ ਪ੍ਰਾਪਤ ਪ੍ਰਵਾਨਗੀ ਦੇ ਅਧਾਰ ਤੇ ਕਾਰਵਾਈ ਕਰਦਿਆ ਸਭਾ ਵਿੱਚ ਸੇਲਜਮੈਨ ਨਿਯੁਕਤ ਕਰਨ ਲਈ ਕੀਤੀ ਜਾਣ ਵਾਲੀ ਭਰਤੀ ਪ੍ਰਕਿਰਿਆ ਦੇ ਤਹਿਤ ਮਿਤੀ 08.10.2021 ਤੱਕ ਉਮਿਦਵਾਰਾ ਪਾਸੋ ਸਭਾ ਵਿੱਚ ਸੇਲਜਮੈਨ ਦੀ ਪੋਸਟ ਤੇ ਅਪਲਾਈ ਕਰਨ ਸਬੰਧੀ ਦਰਖਾਸਤਾ ਦੀ ਮੰਗ ਕੀਤੀ ਹੈਜਿਸ ਸਬੰਧੀ ਸਬ ਕਮੇਟੀ ਵੱਲੋ ਦੋ ਪੰਜਾਬੀ ਦੇ ਅਖਬਾਰ ਮਿਤੀ 24.09.2021 ਅੱਜ ਦੀ ਅਵਾਜ (ਨੱਥੀ ਨੋਟਿਸ) ਅਤੇ ਜੁਝਾਰ ਟਾਇਮਜ (ਨੱਥੀ ਨੋਟਿਸ) ਵਿੱਚ ਜਨਤਕ ਨੋਟਿਸ ਰਾਹੀ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਗਿਆ ਹੈ ਇਸ ਲਈ ਆਪ ਜੀ ਨੂੰ ਇਸ ਪੱਤਰ ਨਾਲ ਨੱਥੀ ਦੋ ਪੰਜਾਬੀ ਅਖਬਾਰਾ ਦੇ ਨੋਟਿਸ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਨੂੰ ਵਿਭਾਗ ਦੀ ਸਾਇਟ ਉਪਰ ਅਪਲੋਡ ਕਰਨ ਦੀ ਖੇਚਲ ਕੀਤੀ ਜਾਵੇ।

ਨੱਥੀ ਉਕਤ ਅਨੁਸਾਰ

ਸਹਾਇਕ ਰਜਿਸਟਰਾਰ

ਸਹਿਕਾਰੀ ਸਭਾਵਾਂ, ਗਿੱਦੜਬਾਹਾ

Scanned with CamScanner

## ਦੀ ਖਿੜਕੀਆਂਵਾਲਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ : ਖਿੜਕੀਆਂਵਾਲਾਂ

ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ, ਚੰਡੀਗੜ੍ਹ ਜੀ ਦੇ ਦਫਤਰੀ ਪੱਤਰ ਨੰਬਰ ਰਸਸ/ਰਿਣ-2-ਸੀ.ਈ.ਏ 5 ਨਿ: ਗਿੱਦੜਬਾਹਾ/6546 ਮਿਤੀ 12-07-2021 ਦੀ ਪਾਲਣਾ ਹਿੱਤ ਦੀ ਖਿੜਕੀਵਾਲਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ: ਖਿੜਕੀਆਵਾਲਾ ਦੀ ਪ੍ਰਬੰਧਕ ਕਮੇਟੀ ਵੱਲੋਂ ਗਠਿਤ ਤਿੰਨ ਮੈਂਬਰੀ ਸਿਲੈਕਸ਼ਨ ਕਮੇਟੀ ਵੱਲੋਂ ਸਭਾ ਵਿੱਚ ਡੀ.ਸੀ. ਰੇਟਾਂ 'ਤੇ ਕੰਟਰੈਕਟ ਬੇਸ 'ਤੇ ਸੇਲਜ਼ਮੈਨ ਦੀ ਖਾਲੀ ਅਸਾਮੀ ਨੂੰ ਭਰਨ ਲਈ ਯੋਗ ਉਮੀਦਵਾਰਾਂ ਪਾਸੋਂ ਅਸਾਮੀਆਂ ਦੀ ਮੰਗ ਕੀਤੀ ਜਾਂਦੀ ਹੈ, ਜਿਸ ਤਹਿਤ ਲੋੜੀਂਦੀਆਂ ਸ਼ਰਤਾਂ ਅਤੇ ਯੋਗਤਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :-

1. ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗਰੈਜੂਏਸ਼ਨ ਦੀ ਡਿਗਰੀ 2. ਦਸਵੀਂ ਪੱਧਰ 'ਤੇ ਪੰਜਾਬੀ ਪਾਸ ਦੀ ਵਿੱਦਿਅਕ ਯੋਗਤਾ 3. ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟ੍ਰੋਨਿਕ ਵਿਭਾਗ ਦੇ 'ਓ' ਲੈਵਲ ਦੇ ਸਰਟੀਫਿਕੇਟ ਦਾ ਕੋਰਸ ਪਾਸ ਕੀਤਾ ਹੋਵੇ।

**ਜਾਂ**

ਉਮੀਦਵਾਰ ਨੇ ਭਾਰਤ ਸਰਕਾਰ ਵੱਲੋਂ ਪ੍ਰਵਾਨਿਤ ਕਿਸੇ ਸੰਸਥਾ ਜਾਂ ਕਿਸੇ ਮਸ਼ਹੂਰ ਸੰਸਥਾ ਜੋ ਆਈ.ਐਸ.ਓ. 9001 ਅਨੁਸਾਰ ਤਸਦੀਕਸ਼ੁਦਾ ਹੋਵੇ, ਤੋਂ ਘੱਟੋ-ਘੱਟ 120 ਘੰਟੇ ਦਾ ਹੇਠ ਲਿਖਿਆ ਕੋਰਸ ਪਾਸ ਕੀਤਾ ਹੋਵੇ :-

(ੳ) ਪਰਸਨਲ ਕੰਪਿਊਟਰ ਦਾ ਕੋਰਸ ਜਾਂ ਇੰਫਰਮੇਸ਼ਨ ਟੈਕਨਾਲੋਜੀ ਵਿੱਚ ਆਫਿਸ ਪ੍ਰੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ ਡੈਸਕਟਾਪ ਪਬਲਿਸ਼ਿੰਗ ਦਾ ਕੋਰਸ

4. ਪੇਂਡੂ ਪਿਛੋਕੜ। 5. ਸਭਾ ਵਿੱਚ ਸੇਲਜ਼ਮੈਨ ਦੀ ਭਰਤੀ ਲਈ ਕੀਤੀ ਜਾਣ ਵਾਲੀ ਇੰਟਰਵਿਊ ਅਧਿਕਾਰਤ ਸਿਲੈਕਸ਼ਨ ਕਮੇਟੀ ਵੱਲੋਂ ਕੀਤੀ ਜਾਵੇਗੀ। 6. ਸਭਾ ਦੀ ਸਲੈਕਸ਼ਨ ਕਮੇਟੀ ਬਿਨਾਂ ਕਾਰਨ ਦੱਸੇ ਇੰਟਰਵਿਊ ਮੁਲਤਵੀ ਕਰ ਸਕਦੀ ਹੈ। 7. ਇਹ ਨਿਯੁਕਤੀ ਮਾਨਯੋਗ ਡਿਪਟੀ ਕਮਿਸ਼ਨਰ ਜੀ ਵੱਲੋਂ ਨਿਰਧਾਰਿਤ ਸਮੇਂ-ਸਮੇਂ ਸਿਰ ਤਨਖਾਹ ਰੇਟਾਂ 'ਤੇ ਕੀਤੀ ਜਾਵੇਗੀ। 8. ਨੌਕਰੀ 'ਤੇ ਹਾਜ਼ਰ ਕਰਵਾਉਣ ਤੋਂ ਪਹਿਲਾਂ ਕਰਮਚਾਰੀ ਪਾਸੋਂ 2 ਏਕੜ ਜ਼ਮੀਨ ਅਤੇ 50,000 ਰੁਪਏ ਦੀ ਜ਼ਮਾਨਤ ਲੈਣੀ ਯਕੀਨੀ ਬਣਾਈ ਜਾਵੇਗੀ। 9. ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀ ਦੀ ਨਿਯੁਕਤੀ ਸਰਵਿਸ ਰੂਲਜ਼ 1997 ਅਤੇ ਮੁੱਖ ਦਫਤਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੇ ਅਧੀਨ ਹੋਵੇਗੀ। 10. ਸਭਾ ਵਿੱਚ ਭਰਤੀ ਕੀਤੇ ਜਾਣ ਵਾਲੇ ਸੇਲਜ਼ਮੈਨ ਨੂੰ ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਦੀ ਅਗੇਤਰੀ ਪ੍ਰਵਾਨਗੀ ਤੋਂ ਬਿਨਾਂ ਗਰੇਡ ਅਨੁਸਾਰ ਤਨਖਾਹ ਨਹੀਂ ਦਿੱਤੀ ਜਾਵੇਗੀ। 11. ਸਭਾ ਵਿੱਚ ਖਾਲੀ ਪਈ ਸੇਲਜ਼ਮੈਨ ਦੀ ਅਸਾਮੀ ਨੂੰ ਰੂਲਜ਼ ਅਨੁਸਾਰ ਭਰਨ ਲਈ ਸਭਾ ਦੇ ਦਾਇਰਾ ਕਾਰੋਬਾਰ ਵਿੱਚ ਆਉਂਦੇ ਪਿੰਡਾਂ ਵਿੱਚ ਰਹਿੰਦੇ ਮੈਂਬਰਾਂ ਅਤੇ ਗ਼ੈਰ-ਮੈਂਬਰਾਂ ਨੂੰ ਸਭਾ ਵਿੱਚ ਸੇਲਜ਼ਮੈਨ ਦੀ ਭਰਤੀ ਲਈ ਅਸਾਮੀਆਂ ਦੀ ਮੰਗ ਸਬੰਧੀ ਪਿੰਡਾਂ ਦੇ ਚੌਕੀਦਾਰਾਂ/ਨੰਬਰਦਾਰਾਂ ਰਾਹੀਂ ਜਨਤਕ ਸੂਚਨਾ ਦੇਣ ਦੀ ਜ਼ਿੰਮੇਵਾਰੀ ਸਭਾ ਦੇ ਪ੍ਰਧਾਨ ਸ਼੍ਰੀ ਗੁਰਮੇਲ ਸਿੰਘ ਦੀ ਲਗਾਈ ਜਾਂਦੀ ਹੈ। 12. ਸਭਾ ਵਿੱਚ ਸੇਲਜ਼ਮੈਨ ਦੀ ਭਰਤੀ ਸਬੰਧੀ ਪੰਜਾਬੀ ਦੇ ਅਖਬਾਰ ਵਿੱਚ ਜਨਤਕ ਨੋਟਿਸ ਦੇਣ ਲਈ ਸਲੈਕਸ਼ਨ ਕਮੇਟੀ ਦੇ ਪ੍ਰਧਾਨ ਅਤੇ ਸਕੱਤਰ ਸਭਾ ਨੂੰ ਅਧਿਕਾਰਿਤ ਕੀਤਾ ਜਾਂਦਾ ਹੈ। 13. ਸੇਲਜ਼ਮੈਨ ਦੀ ਅਸਾਮੀ ਲਈ ਅਪਲਾਈ ਕਰਨ ਲਈ ਚਾਹਵਾਨ ਉਮੀਦਵਾਰਾਂ ਨੂੰ ਸਾਦੇ ਕਾਗਜ਼ ਉੱਪਰ ਆਪਣੀ ਦਰਖਾਸਤ ਦੇ ਨਾਲ ਆਪਣੇ ਸਵੈ-ਤਸਦੀਕਸ਼ੁਦਾ ਸਰਟੀਫਿਕੇਟ ਮਿਤੀ 08-10-2021 ਨੂੰ ਸ਼ਾਮ 5 ਵਜੇ ਤੱਕ ਸਭਾ ਦੇ ਸਕੱਤਰ ਗੁਰਜੀਤ ਸਿੰਘ ਪਾਸ ਸਬਮਿਟ ਕਰਵਾਉਣੇ ਲਾਜ਼ਮੀ ਹਨ। ਦੇਰੀ ਨਾਲ ਆਈ ਕੋਈ ਵੀ ਦਰਖਾਸਤ ਵਿਚਾਰਣਯੋਗ ਨਹੀਂ ਹੋਵੇਗੀ। ਉਮੀਦਵਾਰਾਂ ਨੂੰ ਇਸ ਸਬੰਧੀ ਕੋਈ ਟੀ.ਏ./ਡੀ.ਏ. ਨਹੀਂ ਦਿੱਤਾ ਜਾਵੇਗਾ। 14. ਅਜਮਾਇਸ਼

ੳ) ਸਰਵਿਸ ਵਿੱਚ ਨਿਯੁਕਤੀ ਉਪਰੰਤ ਸੇਲਜ਼ਮੈਨ ਇੱਕ ਸਾਲ ਦੇ ਸਮੇਂ ਲਈ ਅਜਮਾਇਸ਼ 'ਤੇ ਹੋਵੇਗਾ। ਅ) ਅਜਮਾਇਸ਼ ਦੇ ਸਮੇਂ ਦੌਰਾਨ ਏ.ਸੀ.ਐਸ.ਟੀ.ਆਈ ਜਲੰਧਰ ਦੁਆਰਾ ਸੰਚਾਲਿਤ ਟੈਸਟ/ਟ੍ਰੇਨਿੰਗ ਪਾਸ ਕਰਨਾ ਹੋਵੇਗਾ।

15. ਸਭਾ ਵਿੱਚ ਸੇਲਜ਼ਮੈਨ ਆਰਜੀ ਤੌਰ 'ਤੇ ਹੀ ਰੱਖਿਆ ਜਾਵੇਗਾ। ਜੇਕਰ ਸਭਾ ਕਿਸੇ ਸਮੇਂ ਘਾਟੇ ਵਿੱਚ ਚਲੀ ਜਾਂਦੀ ਹੈ ਤਾਂ ਸਭਾ ਇਸ ਨਿਯੁਕਤੀ ਨੂੰ ਰੱਦ ਕਰੇਗੀ। 16. ਇਸ ਪ੍ਰਵਾਨਗੀ ਉਪਰੰਤ ਸਭਾ ਵਿੱਚ ਕੇਵਲ ਉਹ ਕਰਮਚਾਰੀ ਹੀ ਨਿਯੁਕਤ ਕੀਤਾ ਜਾਵੇਗਾ, ਜੋ ਸੋਧੇ ਹੋਏ ਸਰਵਿਸ ਰੂਲਜ਼ ਅਨੁਸਾਰ ਯੋਗਤਾ ਪੂਰੀ ਕਰਦਾ ਹੋਵੇ। 17. ਸਭਾ ਵਿੱਚ ਨਵ-ਨਿਯੁਕਤ ਕਰਮਚਾਰੀ ਨੂੰ ਰੈਗੂਲਰ ਗਰੇਡ ਇਸ ਦਫਤਰ ਦੇ ਪੱਤਰ ਨੰ.ਰਸਸ/ਰਿਣ-2/ਸੀ.ਈ.ਏ.1/ਮੰਗਾਂ/310 ਮਿਤੀ 08-07-2016 ਦੀ ਪਾਲਣਾ ਉਪਰੰਤ ਹੀ ਦਿੱਤੇ ਜਾ ਸਕਦੇ ਹਨ। ਸਭਾ ਨੂੰ ਇਹ ਪ੍ਰਵਾਨਗੀ ਇਸ ਸ਼ਰਤ 'ਤੇ ਮਿਲੀ ਹੈ ਕਿ ਸਭਾ ਐਗਰੋ ਸਰਵਿਸ ਸੈਂਟਰ ਦੇ ਨਾਲ ਖਾਦ, ਜ਼ਰੂਰੀ ਵਸਤਾਂ, ਐਗਰੋ ਕੈਮੀਕਲਜ਼ ਅਤੇ ਪਸ਼ੂ ਖੁਰਾਕ ਆਦਿ ਦੀ ਵਿੱਕਰੀ ਕਰਕੇ ਆਮਦਨ ਵਿੱਚ ਵਾਧਾ ਕਰੇਗੀ।

ਨੋਟ:- ਕੋਵਿਡ-19 ਮਹਾਂਮਾਰੀ ਦੇ ਚਲਦਿਆਂ ਆਈਆਂ ਦਰਖਾਸਤਾਂ ਦੀ ਗਿਣਤੀ ਨੂੰ ਮੱਦੇਨਜ਼ਰ ਰੱਖਦਿਆਂ ਹੀ ਇੰਟਰਵਿਊ ਦੀ ਮਿਤੀ ਰੱਖੀ ਜਾਵੇਗੀ, ਜਿਸ ਦੀ ਜਾਣਕਾਰੀ ਅਖਬਾਰ ਵਿੱਚ ਵੱਖਰੇ ਇਸ਼ਤਿਹਾਰ ਰਾਹੀਂ ਦਿੱਤੀ ਜਾਵੇਗੀ।

ਪ੍ਰਧਾਨ, ਦੀ ਖਿੜਕੀਆਵਾਲਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ:ਖਿੜਕੀਆਵਾਲਾ।

ਸਕੱਤਰ, ਦੀ ਖਿੜਕੀਆਵਾਲਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ:ਖਿੜਕੀਆਵਾਲਾ।

Scanned with CamScanner

# ਨੋਟਿਸ

**ਦੀ ਖਿੜਕੀਆਂਵਾਲਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ: ਖਿੜਕੀਆਂਵਾਲਾ**

ਮਾਣਯੋਗ ਰਜਿਸਟਰਾਰ ਸਹਿਕਾਰੀ ਸਭਾਵਾ ਪੰਜਾਬ, ਚੰਡੀਗੜ੍ਹ ਜੀ ਦੇ ਦਫ਼ਤਰੀ ਪੱਤਰ ਨੰਬਰ ਰਸਸ/ਰਿਣ-2/ਸੀ.ਏ.ਏ.5 ਨਿ: ਗਿੱਦੜਬਾਹਾ/6546 ਮਿਤੀ 12-7-2021 ਦੀ ਪਾਲਣਾ ਹਿੱਤ ਦੀ ਖਿੜਕੀਆਂਵਾਲਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸਭਾ ਲਿਮ: ਖਿੜਕੀਆਂਵਾਲਾ ਦੀ ਪ੍ਰਬੰਧਕ ਕਮੇਟੀ ਵੱਲੋਂ ਗਠਿਤ ਤਿੰਨ ਮੈਂਬਰੀ ਸਲੈਕਸ਼ਨ ਕਮੇਟੀ ਵੱਲੋਂ ਸਭਾ ਵਿੱਚ ਡੀ.ਸੀ. ਰੇਟਾਂ 'ਤੇ ਕੰਟਰੈਕਟ ਬੇਸ ਤੇ ਸੇਲਜ਼ਮੈਨ ਦੀ ਖਾਲੀ ਆਸਾਮੀ ਨੂੰ ਭਰਨ ਲਈ ਯੋਗ ਉਮੀਦਵਾਰਾਂ ਪਾਸੋਂ ਅਸਾਮੀਆਂ ਦੀ ਮੰਘ ਕੀਤੀ ਜਾਂਦੀ ਹੈ, ਜਿਸ ਤਹਿਤ ਲੋੜੀਂਦੀਆਂ ਸ਼ਰਤਾਂ ਅਤੇ ਯੋਗਤਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:-

1. ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗਰੇਜੂਏਸ਼ਨ ਦੀ ਡਿਗਰੀ
2. ਦਸਵੀਂ ਪੱਧਰ ਤੇ ਪੰਜਾਬੀ ਪਾਸ ਦੀ ਵਿੱਦਿਅਕ ਯੋਗਤਾ
3. ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟ੍ਰਨਿਕ ਵਿਭਾਗ ਦੇ ੳ ਲੇਵਲ ਦੇ ਸਰਟੀਫਿਕੇਟ ਦਾ ਕੋਰਸ ਪਾਸ ਕੀਤਾ ਹੋਵੇ

ਜਾਂ

ਉਮੀਦਵਾਰ ਨੇ ਭਾਰਤ ਸਰਕਾਰ ਵੱਲੋਂ ਪ੍ਰਵਾਨਿਤ ਕਿਸੇ ਸੰਸਥਾ ਜਾਂ ਕਿਸੇ ਮਸ਼ਹੂਰ ਸੰਸਥਾ ਜੋ ਆਈ.ਐਸ.ਓ 9001 ਅਨੁਸਾਰ ਤਸਦੀਕਸ਼ੁਦਾ ਹੋਵੇ, ਤੋਂ ਘੱਟ ਘੱਟ 120 ਘੰਟੇ ਦਾ ਹੇਠ ਲਿਖਿਆ ਕੋਰਸ ਪਾਸ ਕੀਤਾ ਹੋਵੇ:-

(ੳ) ਪਰਸਨਲ ਕੰਪਿਊਟਰ ਦਾ ਕੋਰਸ

ਜਾਂ

ਇੰਫਰਮੇਸ਼ਨ ਟੈਕਨਾਲੋਜੀ ਵਿੱਚ ਆਫ਼ਿਸ ਪ੍ਰੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ ਲੈਪਟਾਪ ਜਾਂ ਡੈਸਕਟੌਪ ਪਬਲਿਸ਼ਿੰਗ ਦਾ ਕੋਰਸ

4. ਪੇਂਡੂ ਪਿਛੋਕੜ।
5. ਸਭਾ ਵਿੱਚ ਸੇਲਜ਼ਮੈਨ ਦੀ ਭਰਤੀ ਲਈ ਕੀਤੀ ਜਾਣ ਵਾਲੀ ਇੰਟਰਵਿਊ ਅਧਿਕਾਰਤ ਸਲੈਕਸ਼ਨ ਕਮੇਟੀ ਵੱਲੋਂ ਕੀਤੀ ਜਾਵੇਗੀ।
6. ਸਭਾ ਦੀ ਸਲੈਕਸ਼ਨ ਕਮੇਟੀ ਬਿਨ੍ਹਾ ਕਾਰਨ ਦੱਸੇ ਇੰਟਰਵਿਊ ਮੁਲਤਵੀ ਕਰ ਸਕਦੀ ਹੈ।
7. ਇਹ ਨਿਯੁਕਤੀ ਮਾਯੋਗ ਡਿਪਟੀ ਕਮਿਸ਼ਨਰ ਜੀ ਵੱਲੋਂ ਨਿਰਧਾਰਿਤ ਸਮੇਂ ਸਮੇਂ ਸਿਰ ਤਨਖਾਹ ਰੇਟਾਂ 'ਤੇ ਕੀਤੀ ਜਾਵੇਗੀ।
8. ਨੌਕਰੀ ਤੇ ਹਾਜ਼ਰ ਕਰਵਾਉਣ ਤੋਂ ਪਹਿਲਾਂ ਕਰਮਚਾਰੀ ਪਾਸੋਂ 2 ਏਕੜ ਜ਼ਮੀਨ ਅਤੇ 50 ਹਜ਼ਾਰ ਰੁਪਏ ਦੀ ਜਮਾਨਤ ਲੈਣੀ ਯਕੀਨੀ ਬਣਾਈ ਜਾਵੇਗੀ।
9. ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀ ਦੀ ਨਿਯੁਕਤੀ ਸਰਵਿਸ ਰੂਲਜ਼ 1997 ਅਤੇ ਮੁੱਖ ਦਫ਼ਤਰ ਵੱਲੋਂ ਸਮੇਂ ਸਮੇਂ ਸਿਰ ਜਾਰੀ ਹਿਦਾਇਤਾਂ ਦੇ ਅਧੀਨ ਹੋਵੇਗੀ।
10. ਸਭਾ ਵਿੱਚ ਭਰਤੀ ਕੀਤੇਜਾਣ ਵਾਲੇ ਸੇਲਜ਼ਮੈਨ ਨੂੰ ਮਾਨਯੋਗ ਰਜਿਸਟਰ੍ਰਾਰ ਸਹਿਕਾਰੀ ਸਭਾਵਾਂ ਪੰਜਾਬ, ਚੰਡੀਗੜ੍ਹ ਜੀ ਦੀ ਅਗੇਤਰੀ ਪ੍ਰਵਾਨਗੀ ਤੋਂ ਬਿਨ੍ਹਾ ਗ੍ਰੇਡ ਅਨੁਸਾਰ ਤਨਖਾਹ ਨਹੀਂ ਦਿੱਤੀ ਜਾਵੇਗੀ।
11. ਸਭਾ ਵਿੱਚ ਖਾਲੀ ਪਈ ਸੇਲਜ਼ਮੈਨ ਦੀ ਅਸਾਮੀ ਨੂੰ ਰੂਲਜ਼ ਅਨੁਸਾਰ ਭਰਨ ਲਈ ਸਭਾ ਦੇ ਦਾਇਰਾ ਕਾਰੋਬਾਰ ਵਿੱਚ ਆਉਂਦੇ ਪਿੰਡਾਂ ਵਿੱਚ ਰਹਿੰਦੇ ਮੈਂਬਰਾਂ ਅਤੇ ਗੈਰ ਮੈਂਬਰਾਂ ਨੂੰ ਸਭਾ ਵਿੱਚ ਸੇਲਜ਼ਮੈਨ ਦੀ ਭਰਤੀ ਲਈ ਅਸਾਮੀਆਂ ਦੀ ਮੰਗ ਸੰਬੰਧੀ ਪਿੰਡਾਂ ਦੇ ਚੌਂਕੀਦਾਰਾਂ/ਨੰਬਰਦਾਰਾਂ ਰਾਹੀਂ ਜਨਤਕ ਸੂਚਨਾ ਦੇਣ ਦੀ ਜ਼ਿੰਮੇਵਾਰੀ ਪ੍ਰਧਾਨ ਸ਼੍ਰੀ ਗੁਰਮੇਲ ਸਿੰਘ ਦੀ ਲਗਾਈ ਜਾਂਦੀ ਹੈ।
12. ਸਭਾ ਵਿੱਚ ਸੇਲਜ਼ਮੈਨ ਦੀ ਬਰਤੀ ਸੰਬੰਧੀ ਪੰਜਾਬੀ ਦੇ ਅਖਬਾਰ ਵਿੱਚ ਜਨਤਕ ਨੋਟਿਸ ਦੇਣ ਲਈ ਸਲੈਕਸ਼ਨ ਕਮੇਟੀ ਦੇ ਪ੍ਰਧਾਨ ਅਤੇ ਸਕੱਤਰ ਸਭਾ ਨੂੰ ਅਧਿਕਾਰਿਤ ਕੀਤਾ ਜਾਂਦਾ ਹੈ।
13. ਸੇਲਜ਼ਮੈਨ ਦੀ ਅਸਾਮੀ ਲਈ ਅਪਲਾਈ ਕਰਨ ਲਈ ਚਾਹਵਾਨ ਉਮੀਦਵਾਰਾਂ ਨੂੰ ਸਾਦੇ ਕਾਗਜ਼ ਉਪਰ ਆਪਣੀ ਦਰਖਾਸਤ ਦੇ ਨਾਲ ਆਪਣੇ ਸਵੈ ਤਸਦੀਕਸ਼ੁਦਾ ਸਰਟੀਫਿਕੇਟ ਮਿਤੀ 8-10-2021 ਨੂੰ ਸ਼ਾਮ 5 ਵਜੇ ਤੱਕ ਸਭਾ ਦੇ ਸਕੱਤਰ ਗੁਰਜੀਤ ਸਿੰਘ ਪਾਸ ਸਬਮਿਟ ਕਰਵਾਉਣੇ ਲਾਜ਼ਮੀ ਹਨ। ਦੇਰੀ ਨਾਲ ਆਈ ਕੋਈ ਵੀ ਦਰਖਾਸਤ ਵਿਚਾਰਣਯੋਗ ਨਹੀਂ ਹੋਵੇਗੀ। ਉਮੀਦਵਾਰਾਂ ਨੂੰ ਇਸ ਸੰਬੰਧੀ ਕੋਈ ਵੀ ਟੀ.ਏ./ਡੀ.ਏ ਨਹੀਂ ਦਿੱਤਾ ਜਾਵੇਗਾ।
14. ਅਜਮਾਇਸ਼

(ੳ) ਸਰਵਿਸ ਵਿੱਚ ਨਿਯੁਕਤੀ ਉਪਰੰਤ ਸੇਲਜ਼ਮੈਨ ਇੱਕ ਸਾਲ ਦੇ ਸਮੇਂ ਲਈ ਅਜਮਾਇਸ਼ 'ਤੇ ਹੋਵੇਗਾ।

(ਅ) ਅਜਮਾਇਸ਼ ਦੇ ਸਮੇਂ ਦੌਰਾਨ ਏ.ਸੀ.ਐਸ.ਟੀ.ਆਈ. ਜਲੰਧਰ ਦੁਆਰਾ ਸੰਚਾਲਿਤ ਟੈਸਟ/ਟ੍ਰੇਨਿੰਗ ਪਾਸ ਕਰਨਾ ਹੋਵੇਗਾ।

15. ਸਭਾ ਵਿੱਚ ਸੇਲਜ਼ਮੈਨ ਆਰਜ਼ੀ ਤੌਰ 'ਤੇ ਹੀ ਰੱਖਿਆ ਜਾਵੇਗਾ। ਜੇਕਰ ਸਭਾ ਕਿਸੇ ਸਮੇਂ ਘਾਟੇ ਵਿੱਚ ਚਲੀ ਜਾਂਦੀ ਹੈ ਤਾਂ ਸਭਾ ਇਸ ਨਿਯੁਕਤੀ ਨੂੰ ਰੱਦ ਕਰੇਗੀ।
16. ਇਸ ਪ੍ਰਵਾਨਗੀ ਉਪਰੰਤ ਸਭਾ ਵਿੱਚ ਕੇਵਲ ਉਹ ਕਰਮਚਾਰੀ ਹੀ ਨਿਯੁਕਤ ਕੀਤਾ ਜਾਵੇਗਾ, ਜੋ ਸੋਧੇ ਹੋਏ ਸਰਵਿਸ ਰੂਲਜ਼ ਅਨੁਸਾਰ ਯੋਗਤਾ ਪੂਰੀ ਕਰਦਾ ਹੋਵੇ।
17. ਸਭਾ ਵਿੱਚ ਨਵ-ਨਿਯੁਕਤ ਕਰਮਚਾਰੀ ਨੂੰ ਰੈਗੂਲਰ ਗਰੇਡ ਇਸ ਦਫ਼ਤਰ ਦੇ ਪੱਤਰ ਨੰ. ਰਸਸ/ਰਿਣ-2/ਸੀ.ਏ.ਏ.1/ਮੰਗਾਂ/310 ਮਿਤੀ 8-7-2016 ਦੀ ਪਾਲਣਾ ਉਪਰੰਤ ਹੀ ਦਿੱਤੇ ਜਾ ਸਕਦੇ ਹਨ। ਸਭਾ ਨੂੰ ਇਹ ਪ੍ਰਵਾਨਗੀ ਇਸ ਸ਼ਰਤ ਦੇ ਮਿਲੀ ਹੈ ਕਿ ਸਭਾ ਐਗਰੋ ਸਰਵਿਸ ਸੈਂਟਰ ਦੇ ਨਾਲ ਖਾਦ, ਜ਼ਰੂਰੀ ਵਸਤਾਂ, ਐਗਰੋ ਕੈਮੀਕਲਜ਼ ਅਤੇ ਪਸ਼ੂ ਖੁਰਾਕ ਆਦਿ ਦੀ ਵਿਕਰੀ ਕਰਕੇ ਆਮਦਨ ਵਿੱਚ ਵਾਧਾ ਕਰੇਗੀ।

**ਨੋਟ : ਕੋਵਿਡ-19 ਮਹਾਂਮਾਰੀ ਦੇ ਚੱਲਦਿਆਂ ਆਈਆਂ ਦਰਖਾਸਤਾਂ ਦੀ ਗਿਣਤੀ ਨੂੰ ਮੱਦੇਨਜ਼ਰ ਰੱਖਦਿਆਂ ਹੀ ਇੰਟਰਵਿਊ ਦੀ ਮਿਤੀ ਰੱਖੀ ਜਾਵੇਗੀ, ਜਿਸਦੀ ਜਾਣਕਾਰੀ ਅਖਬਾਰ ਵਿੱਚ ਵੱਖਰੇ ਇਸ਼ਤਿਹਾਰ ਰਾਹੀਂ ਦਿੱਤੀ ਜਾਵੇਗੀ।**

ਪ੍ਰਧਾਨ
ਦੀ ਖਿੜਕੀਆਂਵਾਲਾ ਬਹੁਮੰਤਵੀ ਸਹਿਕਾਰੀ
ਖੇਤੀਬਾੜੀ ਸਭਾ ਲਿਮ: ਖਿੜਕੀਆਂਵਾਲਾ

ਸਕੱਤਰ
ਦੀ ਖਿੜਕੀਆਂਵਾਲਾ ਬਹੁਮੰਤਵੀ ਸਹਿਕਾਰੀ
ਖੇਤੀਬਾੜੀ ਸਭਾ ਲਿਮ: ਖਿੜਕੀਆਂਵਾਲਾ

Scanned with CamScanner